**ਸ਼੍ਰੇਣੀ-ਬਾਰ੍ਹਵੀਂ**

**ਵਿਸ਼ਾ-ਇਤਿਹਾਸ**

**ਸਮੈਸਟਰ-I**

ਪ੍ਰਸ਼ਨ ਪੱਤਰ ਦੀ ਰੂਪ-ਰੇਖਾ

ਇੱਕ ਪੇਪਰ | ਸਮਾਂ -3 ਘੰਟੇ | ਅੰਕ : 70

ਸੀ.ਸੀ.ਈ/ਆਂਤਰਿਕ ਮੁਲਾਂਕਣ : 10

1. ਪ੍ਰਸ਼ਨ ਪੱਤਰ ਤਿੰਨ ਹਿੱਸਿਆਂ ਭਾਗ ੳ,ਅ ਅਤੇ ੲ ਵਿੱਚ ਵੰਡਿਆ ਹੋਵੇਗਾ । ਸਾਰੇ ਭਾਗ ਕਰਨੇ ਲਾਜ਼ਮੀਂ ਹੋਣਗੇ ।
2. ਭਾਗ ੳ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਇਸ ਦੇ ਇਤਿਹਾਸ ਤੇ ਉਨਾਂ ਦਾ ਪ੍ਰਭਾਵ" ਤੋਂ "ਗੁਰੂ ਅੰਗਦ ਦੇਵ , ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਜੀ ਦੇ ਅਧੀਨ ਸਿੱਖ ਧਰਮ ਦਾ ਵਿਕਾਸ" ਤੱਕ ਦੀ ਸਮੱਗਰੀ ਸ਼ਾਮਲ ਹੋਵੇਗੀ ।
3. ਭਾਗ ਅ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ "ਗੁਰੂ ਅਰਜਨ ਦੇਵ ਜੀ ਅਤੇ ਉਨਾਂ ਦੀ ਸ਼ਹੀਦੀ ਤੋਂ "ਬੰਦਾ ਸਿੰਘ ਬਹਾਦਰ " ਤੱਕ ਦੀ ਸਮੱਗਰੀ ਸ਼ਾਮਿਲ ਹੋਵੇਗੀ। ਭਾਗ ੲ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਮਹੱਤਵਪੂਰਨ ਲੜਾਈਆਂ ਅਤੇ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਸਬੰਧੀ ਦੋ ਨਕਸ਼ੇ ਹੋਣਗੇ ।
4. ਕੁਲ 21 ਪ੍ਰਸ਼ਨ ਹੋਣਗੇ । ਸਾਰੇ ਪ੍ਰਸ਼ਨ ਲਾਜ਼ਮੀ ਹੋਣਗੇ । ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਹੋਣਗੇ।
5. ਭਾਗ ੳ ਅਤੇ ਅ ਵਿੱਚੋਂ ਦਸ-ਦਸ ਪ੍ਰਸ਼ਨ ਹੋਣਗੇ ਅਤੇ ਭਾਗ-ੲ ਵਿੱਚੋਂ ਨਕਸ਼ੇ ਦਾ ਇੱਕ ਪ੍ਰਸ਼ਨ ਹੋਵੇਗਾ।
6. ਭਾਗ ੳ ਵਿੱਚੋਂ ਪ੍ਰਸ਼ਨ ਨੰ: 1 ਤੋਂ 5 ਅਤੇ ਭਾਗ ਅ ਵਿੱਚੋਂ ਪ੍ਰਸ਼ਨ ਨੰ : 11 ਤੋਂ 15 ਤੱਕ ਹੋਣਗੇ । ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ । ਹਰੇਕ ਪ੍ਰਸ਼ਨ ਦਾ ਉੱਤਰ 10-15 ਸ਼ਬਦਾਂ ਵਿੱਚ ਦੇਣਾ ਹੋਵੇਗਾ । ਵਿਦਿਆਰਥੀ ਨੂੰ ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।
7. ਭਾਗ ੳ ਵਿੱਚੋਂ ਪ੍ਰਸ਼ਨ ਨੰ: 6 ਤੋਂ 9 ਅਤੇ ਭਾਗ ਅ ਵਿਚੋਂ ਪ੍ਰਸ਼ਨ ਨੰ : 16 ਤੋਂ 19 ਤੱਕ ਹੋਣਗੇ । ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 55-65 ਸ਼ਬਦਾਂ ਵਿੱਚ ਦੇਣਾ ਹੋਵੇਗਾ । ਵਿਦਿਆਰਥੀ ਨੂੰ ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।
8. ਭਾਗ ੳ ਵਿੱਚੋਂ ਪ੍ਰਸ਼ਨ ਨੰ : 10 ਅਤੇ ਭਾਗ ਅ ਵਿੱਚੋਂ ਪ੍ਰਸ਼ਨ ਨੰ: 20 ਸੈੱਟ ਕੀਤਾ ਜਾਵੇਗਾ। ਹਰੇਕ ਪ੍ਰਸ਼ਨ 8 ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 200-250 ਸ਼ਬਦਾਂ ਵਿੱਚ ਦੇਣਾ ਹੋਵੇਗਾ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਹੋਵੇਗੀ। ਪੇਪਰ ਸੈਟਰ ਇੱਕ ਚੈਪਟਰ ਵਿੱਚੋਂ ਇੱਕ ਤੋਂ ਵੱਧ ਪ੍ਰਸ਼ਨ ਸੈੱਟ ਨਹੀਂ ਕਰੇਗਾ।
9. ਭਾਗ ੲ ਵਿੱਚੋਂ ਨਕਸ਼ੇ ਦਾ ਪ੍ਰਸ਼ਨ ਨੰ: 21 ਸੈੱਟ ਕੀਤਾ ਜਾਵੇਗਾ, ਜਿਸ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ। ਇਸ ਪ੍ਰਸ਼ਨ ਦੇ ਦੋ ਉਪ-ਭਾਗ ੳ ਅਤੇ ਅ ਹੋਣਗੇ। ਉਪ-ਭਾਗ ੳ ਵਿੱਚ ਮਾਨਚਿਤਰ ਭਰਨ ਲਈ ਕਿਹਾ ਜਾਵੇਗਾ ਅਤੇ ਇਸ ਦੇ 10 ਅੰਕ ਹੋਣਗੇ। ਉਪ-ਭਾਗ ਅ ਵਿੱਚ ਮਾਨਚਿੱਤਰ ਵਿੱਚ ਭਰੇ ਹੋਏ ਸਥਾਨਾਂ ਦੀ ਵਿਸਥਾਰਪੂਰਵਕ ਵਿਆਖਿਆ ਕਰਨ ਲਈ ਕਿਹਾ ਜਾਵੇਗਾ ਅਤੇ ਜਿਸ ਦੇ 10 ਅੰਕ ਹੋਣਗੇ। ਉਪ-ਭਾਗ ਅ ਦਾ ਉੱਤਰ ਲਗ-ਪਗ 150-200 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ।
10. ਕੇਵਲ ਨੇਤਰਹੀਣ ਵਿਦਿਆਰਥੀਆਂ ਲਈ : ( ਨੇਤਰਹੀਣ ਵਿਦਿਆਰਥੀਆਂ ਨੂੰ ਨਕਸ਼ੇਂ ਵਾਲੇ ਪ੍ਰਸ਼ਨ ਦੀ ਥਾਂ ਤੇ ਇੱਕ ਵੱਖਰਾਂ ਵਿਸਥਾਰਪੂਰਵਕ ਵਿਆਖਿਆ ਵਾਲਾ ਪ੍ਰਸ਼ਨ ਕਰਨ ਲਈ ਦਿੱਤਾ ਜਾਵੇਗਾ। ਇਸ ਪ੍ਰਸ਼ਨ ਦੇ ਦੋ ਉਪ-ਭਾਗ ੳ ਅਤੇ ਅ 10-10 ਅੰਕਾਂ ਦੇ ਹੋਣਗੇ ਜਿਨ੍ਹਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ।

## ਪਾਠ-ਕ੍ਰਮ ਦੀ ਵੰਡ

### ਭਾਗ-ੳ

1. ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਇਸ ਦੇ ਇਤਿਹਾਸ ਤੇ ਉਨ੍ਹਾਂ ਦਾ ਪ੍ਰਭਾਵ ।
2. ਪੰਜਾਬ ਦੇ ਇਤਿਹਾਸ ਦੇ ਸੋਮੇ।
3. 16 ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਦੀ ਰਾਜਨੀਤਕ, ਸਮਾਜਿਕ ਅਤੇ ਆਰਥਿਕ ਦਸ਼ਾ ।
4. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਸਿੱਖਿਆਵਾਂ।
5. ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੇ ਅਧੀਨ ਸਿੱਖ ਧਰਮ ਦਾ ਵਿਕਾਸ।

### ਭਾਗ (ਅ)

6. ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦੀ ਸ਼ਹੀਦੀ।
7. ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸਿੱਖ ਧਰਮ ਵਿੱਚ ਪ੍ਰੀਵਰਤਨ।
8. ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੀ ਸ਼ਹੀਦੀ ।
9. ਗੁਰੂ ਗੋਬਿੰਦ ਸਿੰਘ ਜੀ , ਖਾਲਸਾ ਦੀ ਸਥਾਪਨਾ, ਉਨ੍ਹਾਂ ਦੇ ਯੁੱਧ ਅਤੇ ਉਨ੍ਹਾਂ ਦਾ ਵਿਅਕਤੀਤਵ।
10. ਬੰਦਾ ਸਿੰਘ ਬਹਾਦਰ ।

### ਭਾਗ (ੲ)

ਇਸ ਭਾਗ ੲ ਵਿੱਚੋਂ ਇੱਕ ਨਕਸ਼ੇ ਦਾ ਪ੍ਰਸ਼ਨ ਕਰਨ ਲਈ ਦਿੱਤਾ ਜਾਵੇਗਾ। ਇਹ ਪ੍ਰਸ਼ਨ ਕਰਨਾ ਲਾਜ਼ਮੀ ਹੋਵੇਗਾ। ਨਕਸ਼ੇ ਦਾ ਪ੍ਰਸ਼ਨ ਹੇਠ ਲਿਖੇ ਨਕਸ਼ਿਆਂ ਵਿੱਚੋ. ਹੋਵੇਗਾ।

1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ।
2. ਬੰਦਾ ਸਿੰਘ ਬਹਾਦਰ ਦੀਆਂ ਮਹੱਤਵਪੂਰਨ ਲੜਾਈਆਂ।

**ਸ਼੍ਰੇਣੀ-ਬਾਰ੍ਹਵੀਂ**

**ਵਿਸ਼ਾ-ਇਤਿਹਾਸ**

**ਸਮੈਸਟਰ-II**

ਪ੍ਰਸ਼ਨ ਪੱਤਰ ਦੀ ਰੂਪ-ਰੇਖਾ

ਇੱਕ ਪੇਪਰ | ਸਮਾਂ -3 ਘੰਟੇ | ਅੰਕ : 100

ਸੀ.ਸੀ.ਈ/ਆਂਤਰਿਕ ਮੁਲਾਂਕਣ : 20

1. ਪ੍ਰਸਨ ਪੱਤਰ ਤਿੰਨ ਹਿੱਸਿਆਂ ਭਾਗ ੳ, ਅ ਅਤੇ ੲ ਵਿੱਚ ਵੰਡਿਆ ਹੋਵੇਗਾ । ਸਾਰੇ ਭਾਗ ਕਰਨੇ ਲਾਜ਼ਮੀ ਹੋਣਗੇ।
2. ਭਾਗ ੳ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ 'ਅਬਦੁੱਸ ਸਮਦ ਖਾਂ , ਜਕਰੀਆਂ ਖਾਂ ਅਤੇ ਮੀਰ ਮੰਨੂੰ ਉਨਾਂ ਦੇ ਸਿੱਖਾਂ ਨਾਲ ਸਬੰਧ ਤੋਂ ਲੈ ਕੇ ਸਿੱਖ ਮਿਸਲਾਂ ਦੀ ਉਤਪੱਤੀ ਅਤੇ ਵਿਕਾਸ ਅਤੇ ਉਨਾਂ ਦੇ ਸੰਗਠਨ ਦਾ ਸਰੂਪ ਤੱਕ ਦੀ ਸਮੱਗਰੀ ਸ਼ਾਮਲ ਹੋਵੇਗੀ।
3. ਭਾਗ ਅ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ ਰਣਜੀਤ ਸਿੰਘ ਦਾ ਜੀਵਨ ਅਤੇ ਜਿੱਤਾਂ ਤੋਂ ਲੈ ਕੇ ਦੂਜਾ ਐਂਗਲੋਂ- ਸਿੱਖ ਯੁੱਧ : ਕਾਰਨ ਅਤੇ ਨਤੀਜੇ ਅਤੇ ਪੰਜਾਬ ਦਾ ਸੰਮੇਲਨ ਤੱਕ ਦੀ ਸਮੱਗਰੀ ਸ਼ਾਮਲ ਹੋਵੇਗੀ।
4. ਭਾਗ ੲ ਵਿੱਚ ਤਿੰਨ ਨਕਸ਼ੇ ਹੋਣਗੇ। ਰਣਜੀਤ ਸਿੰਘ ਦਾ ਸਾਮਰਾਜ, ਪਹਿਲਾ ਐਂਗਲੋਂ- ਸਿੱਖ ਯੁੱਧ ਅਤੇ ਦੂਜਾ ਐਂਗਲੋਂ- ਸਿੱਖ ਯੁੱਧ।
5. ਕੁੱਲ 23 ਪ੍ਰਸ਼ਨ ਹੋਣਗੇ । ਸਾਰੇ ਪ੍ਰਸ਼ਨ ਜਰੂਰੀ ਹੋਣਗੇ । ਹਰੇਕ ਪ੍ਰਸ਼ਨ ਦੇ ਅੰਕ ਉਸ ਦੇ ਸਾਹਮਣੇ ਲਿਖੇ ਹੋਣਗੇ।
6. ਭਾਗ ੳ ਅਤੇ ਅ ਵਿੱਚੋਂ 11-11 ਪ੍ਰਸ਼ਨ ਹੋਣਗੇ। ਭਾਗ ੲ ਵਿਚੋਂ ਨਕਸ਼ੇ ਦਾ ਇੱਕ ਪ੍ਰਸ਼ਨ ਹੋਵੇਗਾ ।
7. ਭਾਗ ੳ ਵਿੱਚੋਂ ਪ੍ਰਸ਼ਨ ਨੰ : 1 ਤੋਂ 5 ਅਤੇ ਭਾਗ ਅ ਵਿਚੋਂ ਪ੍ਰਸ਼ਨ ਨੰ : 12 ਤੋਂ 16 ਤੱਕ ਹੋਣਗੇ, ਜਿਹੜੇ ਸਮੈਸਟਰ ਪਹਿਲੇ ਅਤੇ ਸਮੈਸਟਰ ਦੂਜੇ ਦੇ ਪਾਠਕ੍ਰਮ ਵਿੱਚੋਂ ਸੈੱਟ ਕੀਤੇ ਜਾਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ । ਹਰੇਕ ਪ੍ਰਸ਼ਨ ਦਾ ਉੱਤਰ 10-15 ਸ਼ਬਦਾਂ ਵਿੱਚ ਦੇਣਾ ਹੋਵੇਗਾ । ਵਿਦਿਆਰਥੀਆ ਨੂੰ ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ।
8. ਭਾਗ ੳ ਵਿੱਚੋਂ ਪ੍ਰਸ਼ਨ ਨੰ : 6 ਤੋਂ 10 ਅਤੇ ਭਾਗ ਅ ਵਿੱਚੋਂ ਪ੍ਰਸ਼ਨ ਨੰ : 17 ਤੋਂ 21 ਤੱਕ ਹੋਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 75 - 80 ਸ਼ਬਦਾਂ ਵਿੱਚ ਦੇਣਾ ਹੋਵੇਗਾ। ਵਿਦਿਆਰਥੀ ਨੂੰ ਸਾਰੇ ਪ੍ਰਸ਼ਨ ਕਰਨੇ ਲਾਜ਼ਮੀਹੋਣਗੇ ।
9. ਭਾਗ ੳ ਵਿੱਚੋਂ ਪ੍ਰਸ਼ਨ ਨੰ: 11 ਅਤੇ ਭਾਗ ਅ ਵਿੱਚੋਂ ਪ੍ਰਸ਼ਨ ਨੰ: 22 ਹੋਵੇਗਾ। ਹਰੇਕ ਪ੍ਰਸ਼ਨ 10 ਅੰਕਾਂ ਦਾ ਹੋਵੇਗਾ । ਹਰੇਕ ਪ੍ਰਸ਼ਨ ਦਾ ਉੱਤਰ 250-300 ਸ਼ਬਦਾਂ ਵਿੱਚ ਦੇਣਾ ਹੋਵੇਗਾ। ਇੰਨਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਹੋਵੇਗੀ । ਪੇਪਰ ਸੈਟ ਇੱਕ ਚੈਪਟਰ ਵਿੱਚੋਂ ਇੱਕ ਤੋਂ ਵੱਧ ਪ੍ਰਸ਼ਨ ਸੈਟ ਨਹੀ ਕਰੇਗਾ।
10. ਭਾਗ ੲ ਵਿੱਚੋਂ ਨਕਸ਼ੇ ਦਾ ਪ੍ਰਸ਼ਨ ਨੰ: 23 ਸੈਟ ਕੀਤਾ ਜਾਵੇਗਾ, ਜਿਸ ਵਿੱਚ 100 % ਅੰਦਰੂਨੀ ਚੋਣ ਹੋਵੇਗੀ । ਇਸ ਪ੍ਰਸ਼ਨ ਦੇ 20 ਅੰਕ ਹੋਣਗੇ। ਇਸ ਪ੍ਰਸ਼ਨ ਦੇ ਦੋ ਉਪ-ਭਾਗ ੳ ਅਤੇ ਅ ਹੋਣਗੇ । ਉੱਪ-ਭਾਗ ੳ ਵਿੱਚ ਮਾਨ ਚਿੱਤਰ ਭਰਨ ਲਈ ਕਿਹਾ ਜਾਵੇਗਾ। ਇਸ ਦੇ 10 ਅੰਕ ਹੋਣਗੇ । ਉਪ-ਭਾਗ ਅ ਵਿੱਚ ਮਾਨਚਿੱਤਰ ਵਿੱਚ ਭਰੇ ਹੋਏ ਸਥਾਂਨਾਂ ਦੀ ਵਿਸਥਾਰਪੂਰਵਕ ਵਿਆਖਿਆ ਕਰਨ ਲਈ ਕਿਹਾ ਜਾਵੇਗਾ, ਜਿਨ੍ਹਾਂ ਦੇ 10 ਅੰਕ ਹੋਣਗੇ । ਉਪ-ਭਾਗ ਅ ਦਾ ਉੱਤਰ ਲਗਭਗ 150-200 ਸ਼ਬਦਾਂ ਵਿੱਚ ਦੇਣਾ ਹੋਵੇਗਾ ।
11. ਕੇਵਲ ਨੇਤਰਹੀਣ ਵਿਦਿਆਰਥੀਆਂ ਲਈ: (ਕੇਵਲ ਨੇਤਰਹੀਣ ਵਿਦਿਆਰਥੀਆਂ ਲਈ ਨਕਸ਼ੇ ਵਾਲੇ ਪ੍ਰਸ਼ਨ ਦੀ ਥਾਂ ਇੱਕ ਵੱਖਰਾਂ ਵਿਸਥਾਰਪੂਰਵਕ ਵਿਆਖਿਆ ਵਾਲਾ ਪ੍ਰਸ਼ਨ ਕਰਨ ਲਈ ਦਿੱਤਾ ਜਾਵੇਗਾ । ਇਹ ਪ੍ਰਸ਼ਨ ਦੋ ਉਪ-ਭਾਗ ੳ ਅਤੇ ਅ ਵਿੱਚ ਵੰਡਿਆ ਹੋਵੇਗਾ। ਹਰੇਕ ਉੱਪ-ਭਾਗ ਦੇ 10-10 ਅੰਕ ਹੋਣਗੇ। ਇਸ ਪ੍ਰਸ਼ਨ ਵਿੱਚ 100% ਅੰਦਰੂਨੀ ਛੋਟ ਹੋਵੇਗੀ ।
12. ਪ੍ਰਸ਼ਨ ਪੱਤਰ ਨਿਰਧਾਰਿਤ ਸਿਲੇਬਸ ਵਿੱਚੋਂ ਹੋਵੇਗਾ।
13. ਪ੍ਰਸ਼ਨਾਂ ਦੀ ਭਾਸ਼ਾ ਸਾਦੀ ਅਤੇ ਸਰਲ ਹੋਣੀ ਚਾਹੀਦੀ ਹੈ।

## ਸਮੈਸਟਰ –II

## ਪਾਠ-ਕ੍ਰਮ ਦੀ ਵੰਡ

### ਭਾਗ (ੳ)

1. ਅਬੱਦੁਸ ਸਮਦ ਖਾਂ, ਜਕਰੀਆਂ ਖਾਂ ਅਤੇ ਮੀਰ ਮੰਨੂ : ਉਨਾਂ ਦੇ ਸਿੱਖਾਂ ਨਾਲ ਸਬੰਧ।
2. ਦਲ ਖਾਲਸਾ ਦੀ ਉੱਤਪਤੀ ਅਤੇ ਇਸ ਦੀ ਯੁੱਧ ਪ੍ਰਣਾਲੀ ।
3. ਮੁਗਲਾਂ ਦੇ ਅਧੀਨ ਪੰਜਾਬ ਦੀ ਸਮਾਜਿਕ ਅਤੇ ਆਰਥਿਕ ਅਵਸਥਾ।
4. ਅਹਿਮਦਸ਼ਾਹ ਅਬਦਾਲੀ ਦੇ ਹਮਲੇ ਅਤੇ ਪੰਜਾਬ ਵਿੱਚ ਮੁਗਲ ਸ਼ਾਸਨ ਦਾ ਪਤਨ।
5. ਸਿੱਖ ਮਿਸਲਾਂ ਦੀ ਉੱਤਪਤੀ ਅਤੇ ਵਿਕਾਸ ਅਤੇ ਉਨਾਂ ਦੇ ਸੰਗਠਨ ਦਾ ਸਰੂਪ।

### ਭਾਗ (ਅ)

6. ਰਣਜੀਤ ਸਿੰਘ ਦਾ ਜੀਵਨ ਅਤੇ ਜਿੱਤਾਂ ।
7. ਐਂਗਲੋਂ-ਸਿੱਖ ਸਬੰਧ 1800-1839।
8. ਰਣਜੀਤ ਸਿੰਘ ਦੇ ਅਫਗਾਨਿਸਤਾਨ ਨਾਲ ਸਬੰਧ ਅਤੇ ਉਸ ਦੀ ਉੱਤਰ-ਪੱਛਮੀ ਸੀਮਾਂ ਸਬੰਧੀ ਨੀਤੀ।
9. ਰਣਜੀਤ ਸਿੰਘ ਦਾ ਸਿਵਲ ਅਤੇ ਸੈਨਿਕ ਸ਼ਾਸਨ ਪ੍ਰਬੰਧ।
10. ਰਣਜੀਤ ਸਿੰਘ ਦਾ ਚਰਿੱਤਰ ਅਤੇ ਸ਼ਖ਼ਸੀਅਤ ।
11. ਪਹਿਲਾ ਐਂਗਲੋਂ-ਸਿੱਖ ਯੁੱਧः ਕਾਰਨ ਅਤੇ ਨਤੀਜੇ ।
12. ਦੂਜਾ ਐਂਗਲੋਂ-ਸਿੱਖ ਯੁੱਧ : ਕਾਰਨ ਅਤੇ ਨਤੀਜੇ ।

### ਭਾਗ (ੲ)

ਇਸ ਭਾਗ ੲ ਵਿੱਚੋਂ ਇੱਕ ਨਕਸ਼ੇ ਦਾ ਪ੍ਰਸ਼ਨ ਕਰਨ ਲਈ ਦਿੱਤਾ ਜਾਵੇਗਾ। ਇਹ ਪ੍ਰਸ਼ਨ ਕਰਨਾ ਲਾਜ਼ਮੀ ਹੋਵੇਗਾ। ਨਕਸ਼ੇ ਦਾ ਪ੍ਰਸ਼ਨ ਹੇਠ ਲਿਖੇ ਨਕਸ਼ਿਆਂ ਵਿੱਚੋ. ਹੋਵੇਗਾ।

1. ਰਣਜੀਤ ਸਿੰਘ ਦਾ ਸਾਮਰਾਜ।
2. ਪਹਿਲਾ ਐਂਗਲੋਂ-ਸਿੱਖ ਯੁੱਧ ।
3. ਦੂਜਾ ਐਂਗਲੋਂ-ਸਿੱਖ ਯੁੱਧ।